# ਸੋਮਵਾਰ 3 ਫਰਵਰੀ 2020 ਤੋਂ ਐਤਵਾਰ 9 ਫਰਵਰੀ 2020 ਤੱਕ

**3.2.20 ਸੋਮਵਾਰ: – 4.00 PM - 5.00 PM: - Ladies keep fit class in Upper hall**
**3.00 PM - 4.00 PM Men keep fit class in Elderly Day Centre**
**4.2.20 ਮੰਗਲਵਾਰ: – Karate class in Shahhed Udham Singh Hall from 18.30 PM to 2030 PM.**

**5.2.20 ਬੁੱਧਵਾਰ: – 4.30 ਵਜ਼ੇ: –** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.30 ਵਜ਼ੇ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ ਹਜ਼ੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਵਿਦਿਆਰਥੀ ਬੀਬੀਆਂ ਹਾਜ਼ਰੀ ਭਰਨਗੀਆਂ ਅਤੇ ਸਾਰੀ ਹੋਵੇਗੀ

**ਦੇਗਾਂ ਦੀਆਂ ਸੇਵਾਵਾਂ: –** ਸ੍ਰ: ਅਮਰਜੀਤ ਸਿੰਘ, ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

**6.2.20 ਵੀਰਵਾਰ: – 6.00 ਵੱਜ਼ੇ: –** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ ।

**7.2.20 ਸੁਕਰਵਾਰ: – 10.00 ਵਜ਼ੇ: –**ਸਾਧ ਸੰਗਤ ਵੱਲੋਂ ਵੱਡੇ ਘੱਲੂਘਾਰਾ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਸਾਰੀ ਸੇਵਾ ਹੋਵੇਗੀ।

**ਦੇਗਾਂ ਦੀਆਂ ਸੇਵਾਵਾਂ: –** ਸ: ਸੁਰਜੀਤ ਸਿੰਘ ਸੇਖੋਂ, ਸ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ: ਗੁਰਦੇਵ ਸਿੰਘ ਔਲਖ, ਸ: ਛਿੰਦਾ ਸਿੰਘ ਥਾਂਦੀ, ਸ: ਹਰਬੰਸ ਸਿੰਘ ਨਿੱਝਰ, ਸ: ਇੰਦਰਜੀਤ ਸਿੰਘ ਬੀਬੀ ਪ੍ਰਮਜੀਤ ਕੌਰ ਤੇ ਸਵ: ਸ: ਨਿਰਮਲ ਸਿੰਘ ਪੁਰੇਵਾਲ, ਸ ਬਲਵਿੰਦਰ ਸਿੰਘ ਜੌਹਲ ਤੇ ਬੀਬੀ ਮਲਵਿੰਦਰ ਕੌਰ ਸੇਖੋਂ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

**8.2.20 ਸ਼ਨਿਚਰਵਾਰ: –** ਵੱਡੇ ਘੱਲੂਘਾਰਾ ਦਾ ਦਿਨ ਹੈ।

- **11.00 ਵੱਜੇ: –** ਸ ਬਲਵਿੰਦਰ ਸਿੰਘ ਅਤੇ ਬੀਬੀ ਪ੍ਰਮਜੀਤ ਕੌਰ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ
- **13.00 ਵੱਜੇ: –** ਸ ਮਨਜੀਤ ਸਿੰਘ ਜੀ ਦੇ ਗ੍ਰਹਿ ਵਿੱਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ।
- **16.00 ਵਜ਼ੇ: –** ਸ਼ਾਮ ਨੂੰ ਬੀਬੀਆਂ ਸਿਮਰਨ ਕਰਨਗੀਆਂ।

**Sikh Studies Classes for children age 5 up to GCSE level in Bibi Bhani ji Sikh study centre from 4.00 -5.30 PM.**

**9.2.20 ਐਤਵਾਰ: – 10.00 ਵਜ਼ੇ: –** ਸਾਧ ਸੰਗਤ ਵੱਲੋਂ ਵੱਡੇ ਘੱਲੂਘਾਰਾ ਦੇ ਸਬੰਧ ਵਿੱਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

9 **ਫਰਵਰੀ** 2020 **Parents meeting in Punjabi school and progress reports**

- 11 **ਫਰਵਰੀ ਜਨਮ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਜੀ**
- 12 **ਫਰਵਰੀ ਸੰਗ੍ਰਾਂਦ ਫੱਗਣ ਦੀ**
- 15 **ਫਰਵਰੀ ਅਨੰਦ ਕਾਰਜ਼**
- 19 **ਫਰਵਰੀ ਜਨਮ ਦਿਨ ਭਗਤ ਰਵਿਦਾਸ ਜੀ**
- 21 **ਫਰਵਰੀ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਜੀ**
- 11 **ਫਰਵਰੀ ਜਨਮ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਜੀ**
- **1 March 2020 Punjabi School Assembly in Shaheed Udham Singh Hall 11.00 AM -11.30 AM or 11.30 AM- 12.00 Noon. Parents can attend**

**PTO**

# ਵੱਡਾ ਘੱਲੂਘਾਰਾ

ਕੁੱਪ ਤੇ ਰਹੀੜਾ 2 ਪਿੰਡ ਹਨ, ਜਿੱਥੇ 5 ਫ਼ਰਵਰੀ 1762 ਨੂੰ ਵੱਡਾ ਘਲੂਘਾਰਾ ਵਾਪਰਿਆ ਸੀ। ਓਦੋਂ ਇਹਨਾਂ ਦੋਵਾਂ ਪਿੰਡਾਂ ਦੇ ਵਿਚਾਲੇ ਇਕ ਜੰਗਲ਼ ਹੁੰਦਾ ਸੀ। ਸਿੰਘਾਂ ਦਾ ਇਕ ਵੱਡਾ ਜਥਾ ਇਸ ਜੰਗਲ਼ ਵਿਚ ਠਹਿਰਿਆ ਹੋਇਆ ਸੀ। ਹੋਰ ਸਿੰਘ ਵੀ ਨਿੱਕੇ ਨਿੱਕੇ ਜਥਿਆਂ ਵਿਚ ਕਿਲ੍ਹਾ ਰਾਏਪੁਰ, ਗੁੱਜਰਵਾਲ਼ ਤੇ ਹੋਰ ਪਿੰਡਾਂ ਵਿਚ ਠਹਿਰੇ ਹੋਏ ਸਨ। ਅਚਨਚੇਤ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਘੇਰਾ ਪਾ ਲਿਆ। ਇਹ ਸਾਰੇ ਸਿੰਘ ਇਕ ਥਾਂ ਇਕੱਠੇ ਹੋ ਗਏ ਤੇ ਦੁਸ਼ਮਣ ਦਾ ਟਾਕਰਾ ਕਰਨ ਲਈ ਵਿਚਾਰਾਂ ਕਰਨ ਲੱਗੇ। ਦਲ ਖ਼ਾਲਸਾ ਦੇ ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਆ, ਸ. ਨਵਾਬ ਕਪੂਰ ਸਿੰਘ, ਸ. ਚੜ੍ਹਤ ਸਿੰਘ ਸ਼ੁਕਰਚੱਕੀਆਂ ਤੇ ਹੋਰ ਮਿਸਲਾਂ ਦੇ ਨਾਮੀ ਜਰਨੈਲ ਇਕਮੱਤ ਸਨ ਕਿ ਚਾਰੇ ਪਾਸੇ ਘੇਰੇ ਵਿੱਚੋਂ ਬਾਹਰ ਨਿਕਲਣਾ ਬੜਾ ਔਖਾ ਹੈ ਕਿਉਂਕਿ ਸਰਹਿੰਦ ਦਾ ਸੂਬੇਦਾਰ ਜੈਨ ਖ਼ਾਨ, ਮਲੇਰਕੋਟਲੇ ਦਾ ਨਵਾਬ ਤੇ ਰਾਏਕੋਟ ਦਾ ਦੀਵਾਨ ਲੱਛਮੀ ਸਹਾਇ ਵੀ ਅਬਦਾਲੀ ਦੀ ਹਮਾਇਤ ਵਿਚ ਆਪਣੀਆਂ ਫ਼ੌਜਾਂ ਲੈ ਕੇ ਸਿੰਘਾਂ ਖ਼ਿਲਾਫ਼ ਆ ਡਟੇ ਸਨ। ਸਿੰਘਾਂ ਲਈ ਮੁਸ਼ਕਿਲ ਸੀ ਕਿ ਇਸ ਵੇਲ਼ੇ ਉਹਨਾਂ ਨਾਲ਼ ਵੱਡੀ ਗਿਣਤੀ ਵਿਚ ਬੀਬੀਆਂ ਤੇ ਬੱਚੇ ਸਨ। ਆਮ ਖ਼ਿਆਲ ਹੈ ਕਿ ਸਿੰਘਣੀਆਂ ਤਾਂ ਜੰਗਾਂ ਵਿਚ ਮਾਈ ਭਾਗ ਕੌਰ ਵਾਂਗ ਬਰਾਬਰ ਹਿੱਸਾ ਲੈਂਦੀਆਂ ਸਨ ਪਰ ਇਸ ਘੇਰੇ ਮੌਕੇ ਜ਼ਿਆਦਾ ਬੀਬੀਆਂ ਉਹ ਸਨ, ਜੋ ਅਜੇ ਸਾਲ ਕੁ ਪਹਿਲਾਂ 10ਅਪ੍ਰੈਲ1761ਨੂੰ ਹਿੰਦੂਆਂ ਦੀ ਪੁਕਾਰ ‘ਤੇ ਅਬਦਾਲੀ ਤੋਂ ਛੁਡਵਾਈਆਂ ਸਨ। ਅਹਿਮਦ ਸ਼ਾਹ ਅਬਦਾਲੀ ਕੋਲੋਂ ਛੁਡਵਾਈਆਂ ਗਈਆਂ ਬਹੁਤੀਆਂ ਕੁੜੀਆਂ ਨੂੰ ਉਹਨਾਂ ਦੇ ਮਾਪਿਆਂ ਨੇ ਵਾਪਸ ਲੈਣ ਤੋਂ ਨਾਂਹ ਕਰ ਦਿੱਤੀ ਸੀ ਕਿ ਅਗਲੇ ਹਮਲੇ ਵੇਲ਼ੇ ਦੁਰਾਨੀ ਸਾਨੂੰ ਮਾਰ ਸੁੱਟਣਗੇ। ਇਹ ਹਾਲ ਰਿਹਾ ਹੈ ਰੱਖੜੀ ਬੰਨ੍ਹਾਉਣ ਵਾਲ਼ੇ ਭਾਈਆਂ ਦਾ। ਬਹੁਤ ਸਾਰੀਆਂ ਹਿੰਦੂ ਕੁੜੀਆਂ ਦੇ ਸਿੰਘਾਂ ਨਾਲ਼ ਵਿਆਹ ਕਰ ਦਿੱਤੇ ਗਏ ਸਨ। ਜਿਸ ਕਰਕੇ ਉਹ ਇਸ ਘੇਰੇ ਮੌਕੇ ਨਾਲ਼ ਸੀ। ਇਹ ਬੀਬੀਆਂ, ਸਿੰਘਣੀਆਂ ਵਾਂਗ ਸ਼ਸ਼ਤਰ-ਵਿੱਦਿਆ ਵਿੱਚ ਨਿਪੁੰਨ ਨਹੀਂ ਸਨ। ਇਸ ਕਰਕੇ ਸਿੰਘਾਂ ਲਈ ਇਹਨਾਂ ਨੂੰ ਸੰਭਾਲ਼ਣਾ ਵੀ ਇਕ ਅਹਿਮ ਕੰਮ ਸੀ। ਜਰਨੈਲਾਂ ਨੇ ਘੋੜ ਸਵਾਰਾਂ ਤੇ ਹੋਰ ਸ਼ਸਤਰਧਾਰੀ ਸਿੰਘਾਂ ਦਾ ਇਕ ਕੁੰਡਲ-ਘੇਰਾ ਸਾਰੀ ਵਹੀਰ ਦੇ ਦੁਆਲ਼ੇ ਪਾ ਲਿਆ ਤੇ ਵੈਰੀ ਨਾਲ਼ ਲੜਦੇ, ਭਿੜਦੇ, ਕੁੱਟਦੇ-ਵੱਢਦੇ ਬਰਨਾਲੇ ਵੱਲ ਨੂੰ ਤੁਰ ਪਏ। ਇਸ ਮੌਕੇ ਸਿੰਘਾਂ ਦੇ ਭਿਆਨਕ ਕਤਲੇਆਮ ਦੀ ਸੰਭਾਵਨਾ ਪ੍ਰਤੱਖ ਦਿਖ ਰਹੀ ਸੀ। ਸਿੰਘਾਂ ਨੂੰ ਆਪਣੀਆਂ ਜਾਨਾਂ ਨਾਲੋਂ ਗੁਰੂ ਗ੍ਰੰਥ ਸਾਹਿਬ ਦੇ ਅਦਬ-ਸਤਿਕਾਰ ਦੀ ਜ਼ਿਆਦਾ ਚਿੰਤਾ ਸੀ। ਉਹਨਾਂ ਅਰਦਾਸ ਕੀਤੀ:

ਪੰਥ ਜੋ ਰਹਾ ਤੋ ਤੇਰਾ ਗ੍ਰੰਥ ਭੀ ਰਹੇਗਾ ਨਾਥ,  
ਪੰਥ ਨਾ ਰਹਾ ਤੋ ਤੇਰਾ ਗ੍ਰੰਥ ਕੌਨ ਮਾਨੇਗਾ?

ਕੱਟਾ-ਵੱਢੀ ਕਰਦੇ ਉਹ ਅੱਗੇ ਵਧਦੇ ਗਏ। ਕੁਤਬਾ ਤੇ ਬ੍ਰਾਹਮਣੀ ਪਿੰਡ ਕੋਲ਼ ਸਿੰਘਾਂ ਉੱਤੇ ਭਿਆਨਕ ਮਾਰੂ ਹੱਲਾ ਹੋ ਗਿਆ। ਇੱਥੇ ਗਹਿਗੱਚ ਲੜਾਈ ਹੋਈ। ਲੋਹੇ ਨਾਲ਼ ਲੋਹਾ ਖੜਕਿਆ। ਵਹੀਰ ਦੇ ਦੁਆਲੇ ਪਿਆ ਕੁੰਡਲ ਕਈ ਥਾਂਵਾਂ ਤੋਂ ਟੁੱਟ ਗਿਆ। ਵੈਰੀ ਨੇ ਧੁਰ ਅੰਦਰ ਤਕ ਮਾਰ ਕੀਤੀ। ਪਰ ਸਿੰਘ ਆਪਣੇ ਘੋੜੇ ਮੋੜਦੇ, ਅੜ੍ਹਦੇ, ਲੜਦੇ, ਭਿੜਦੇ ਰਹੇ। ਪਿਛਲੇ ਦਸ ਘੰਟਿਆਂ ਤੋਂ ਇਹ ਜੰਗ ਉਹ ਤੁਰੇ ਆਉਂਦੇ ਲੜ ਰਹੇ ਸੀ। ਅਬਦਾਲੀ ਦੀ ਇੱਛਾ ਇਕ ਵਾਰ ਪੈਰ ਗੱਡ ਕੇ ਲੜਨ ਦੀ ਸੀ ਪਰ ਸਿੰਘ ਕੋਈ ਮੌਕਾ ਨਹੀਂ ਦੇ ਰਹੇ ਸੀ। ਸ. ਜੱਸਾ ਸਿੰਘ ਦੇ ਸਰੀਰ ਉੱਤੇ ੨੨ ਫੱਟ ਸਨ ਤੇ ਲਹੂ ਨਾਲ਼ ਨਹਾਤਾ ਉਹ ਅਜੇ ਵੀ ਘੋੜੇ ‘ਤੇ ਚੜ੍ਹਿਆ ਟੁੱਟ-ਟੁੱਟ ਪੈ ਰਿਹਾ ਸੀ। ਸ. ਚੜ੍ਹਤ ਸਿੰਘ ਦੇ ਫੱਟ ਗਿਣ ਨਹੀਂ ਹੁੰਦੇ ਸੀ। ਇਹੀ ਹਾਲ ਬਾਕੀ ਸਿੰਘਾਂ ਤੇ ਸਰਦਾਰਾਂ ਦਾ ਸੀ। ਅੱਗੇ ਹਠੂਰ ਪਿੰਡ ਆਇਆ ਤਾਂ ਪਾਣੀ ਦੀ ਢਾਬ ਵੇਖ ਕੇ ਸਿੰਘ ਉਧਰ ਨੂੰ ਹੋ ਤੁਰੇ। ਅਬਦਾਲੀ ਦੀ ਫ਼ੌਜ ਪਾਣੀ ਦੀ ਢਾਬ ਖੋਹਣ ਲਈ ਹੱਲੇ ਕਰਦੀ ਰਹੀ, ਪਰ ਤਾਜੇ ਦਮ ਹੋਏ ਸਿੰਘਾਂ ਨੇ ਪੇਸ਼ ਨਾ ਜਾਣ ਦਿੱਤੀ। ਅੱਗੇ ਬਰਨਾਲੇ ਦਾ ਇਲਾਕੇ ਸੀ, ਜਿਥੇ ਬਾਬਾ ਆਲਾ ਸਿੰਘ ਪਟਿਆਲੇ ਵਾਲ਼ੇ ਦੀ ਹਾਕਮੀ ਸੀ। ਇੱਥੋਂ ਅਬਦਾਲੀ ਪਿੱਛੇ ਮੁੜ ਗਿਆ। ਸਿੰਘ ਭਦੌੜ, ਢਿਪਾਲੀ, ਥਰਾਜ, ਦਰਾਜ, ਤਪਾ, ਫੂਲ, ਮਰਾਝ ਆਦਿਕ ਇਲਾਕਿਆਂ ਵਿਚ ਫ਼ੈਲ ਗਏ, ਜਿੱਥੇ ਮਲਵਈ ਸਿੱਖਾਂ ਨੇ ਟਹਿਲ ਸੇਵਾ ਕੀਤੀ। ਕੁੱਪ ਰਹੀੜੇ ਤੋਂ ਹਠੂਰ ਤਕ ਖ਼ਾਸ ਕਰਕੇ ਕੁਤਬੇ-ਬ੍ਰਾਹਮਣੀ ਦੇ ਇਲਾਕੇ ਵਿਚ ਸਿੱਖਾਂ ਦੀਆਂ ਲਾਸ਼ਾਂ ਦੇ ਢੇਰ ਪਏ ਸਨ। ਇਹਨਾਂ ਲੋਥਾਂ ਦੇ ਸਿਰ ਕਟਵਾ ਕੇ ਅਬਦਾਲੀ ਲਾਹੌਰ ਲੈ ਗਿਆ। ਲਾਹੌਰ ਨੂੰ ਜਾਂਦਾ ਹੋਇਆ ਉਹ ਅੰਮ੍ਰਿਤਸਰ ਗਿਆ ਤੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ ਨੂੰ ਬਰੂਦ ਨਾਲ਼ ਉਡਾ ਦਿੱਤਾ। ਸਰੋਵਰ ਨੂੰ ਮਲਬੇ ਤੇ ਹੱਡੀਆਂ ਨਾਲ਼ ਭਰ ਦਿੱਤਾ। ਇਸ ਕਤਲੇਆਮ ਨੂੰ ਸਿੱਖ ਇਤਿਹਾਸ ਵਿਚ ‘ਵੱਡਾ ਘਲੂਘਾਰਾ’ ਕਿਹਾ ਜਾਂਦਾ ਹੈ। ਖ਼ਾਸ ਗੱਲ ਇਹ ਹੈ ਕਿ ਇਸ ਕਤਲੇਆਮ ਮਗਰੋਂ ਅਬਦਾਲੀ ਨੇ ਸਿੱਖਾਂ ਨਾਲ਼ ਸੁਲਾਹ ਕਰਨੀ ਚਾਹੀ ਸੀ ਪਰ ਸਿੱਖਾਂ ਨੇ ਕਰਾਰਾ ਜਵਾਬ ਦਿੱਤਾ ਕਿ ਤੈਨੂੰ ਮਿਲਾਂਗੇ ਜ਼ਰੂਰ ਤੇ ਸਿੰਘਾਂ ਨੇ ਆਪਣਾ ਇਕਰਾਰ ਨਿਭਾ ਦਿੱਤਾ। ਅਬਦਾਲੀ ਅਜੇ ਲਾਹੌਰ ਹੀ ਸੀ ਕਿ ਸਿੰਘਾਂ ਨੇ ਉਸ ਦੇ ਖ਼ਾਸਮ ਖ਼ਾਸ ਸਰਹੰਦ ਦੇ ਸੂਬੇਦਾਰ ਜੈਨ ਖ਼ਾਨ ਨੂੰ ਹਰਾ ਦਿੱਤਾ, ਜਿਸ ਨੇ ਘਲੂਘਾਰੇ ਮੌਕੇ ਉਸ ਦਾ ਡਟ ਕੇ ਸਾਥ ਦਿੱਤਾ ਸੀ। ਸਿੰਘ ਨਾ ਤਾਂ ਖ਼ਾਲਸਾਈ ਦੇ ਵਪਰਾਏ ਕਹਿਰ ਨੂੰ ਭੁੱਲੇ ਸਨ ਤੇ ਨਾ ਹੀ ਉਸ ਵੱਲੋਂ ਕਤਲ ਕੀਤੇ ਗਏ ੨੫-੩੦ ਹਜ਼ਾਰ ਸਿੰਘ-ਸਿੰਘਣੀਆਂ ਦੀਆਂ ਸ਼ਹਾਦਤਾਂ ਭੁੱਲੇ ਸਨ। ਖ਼ਾਸ ਕਰਕੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਨੇ ਹਰ ਸਿੱਖ ਨੂੰ ਰੋਹ ਚਾੜ੍ਹ ਦਿੱਤਾ। ਘਲੂਘਾਰੇ ਤੋਂ ਸਿਰਫ਼ ੯ ਮਹੀਨੇ ਮਗਰੋਂ ਉਹਨਾਂ ਅੰਮ੍ਰਿਤਸਰ ਦੇ ਬਾਹਰਵਾਰ ਅਹਿਮਦ ਸ਼ਾਹ ਨਾਲ਼ ਫ਼ੈਸਲਾਕੁੰਨ ਜੰਗ ਲੜੀ। ਇਸ ਜੰਗ ਵਿਚ ਸਿੰਘਾਂ ਨੇ ਅਬਦਾਲੀ ਦੇ ਉਹ ਆਹੂ ਲਾਹੇ ਕਿ ਅਬਦਾਲੀ ਦੀ ਆਤਮਾ ਪਨਾਹ ਮੰਗ ਗਈ। ਬੁਰੀ ਤਰ੍ਹਾਂ ਹਾਰਿਆ ਹੋਇਆ ਤੇ ਜ਼ਲੀਲ ਹੋਇਆ ਤਖ਼ਤਾਂ-ਤਾਜ਼ਾਂ ਦਾ ਮਾਲਕ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਜਿਸ ਨੇ ਅਜੇ ਪੌਣੇ ਦੋ ਸਾਲ ਪਹਿਲਾਂ ਮਰਹੱਟਿਆਂ ਦੀ ਭਿਆਂ ਕਰਾਈ ਸੀ, ਉਹਨਾਂ ਸਿੱਖਾਂ ਹੱਥੋਂ ਬੁਰੀ ਤਰ੍ਹਾਂ ਹਾਰਿਆ, ਜਿਨ੍ਹਾਂ ਕੋਲ਼ ਨਾ ਕੋਈ ਘਰ, ਨਾ ਘਾਟ, ਨਾ ਕਿਲ੍ਹਾ, ਨਾ ਤੋਪਾਂ, ਨਾ ਪੂਰੇ ਸ਼ਸ਼ਤਰ ਤੇ ਨਾ ਪੂਰੇ ਘੋੜੇ। ਅਬਦਾਲੀ ਤੇ ਸਿੰਘਾਂ ਦੀ ਫ਼ੌਜੀ ਹਿਸਾਬ ਤੋਂ ਬੇਮੇਚੀ ਟੱਕਰ ਵਿਚ ਸਿੰਘਾਂ ਦੀ ਜਿੱਤ ਸਿਰਫ਼ ਤੇ ਸਿਰਫ਼ ਸਿੱਖੀ ਸਿਦਕ ਤੇ ਗੁਰੂ ਦੀ ਮਿਹਰ ਕਰਕੇ ਹੋਈ। ਅਬਦਾਲੀ ਰਾਤ ਨੂੰ ਹੀ ਹਨੇਰੇ-ਹਨੇਰੇ ਭੱਜ ਨਿਕਲਿਆ। ਸਿੰਘਾਂ ਨੇ ਝਨਾਂ ਦਰਿਆ ਤਕ ਉਸ ਦਾ ਪਿੱਛਾ ਕੀਤਾ।